# ਕਨੇਡਾ ਦੀ ਪੰਜਾਬੀ ਕਹਾਣੀ ਦੇ ਮੂਲ਼ ਸਰੋਕਾਰ:

# ਕਥਾ ਕਨੇਡਾ ਦੇ ਸੰਦਰਭ ਵਿਚ

ਡਾ: ਕਰਮਜੀਤ ਸਿੰਘ

ਕਥਾ ਕਨੇਡਾ (ਸੰਪਾਦਕ-ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ) ਪੁਸਤਕ ਉਪਰ ਵਿਚਾਰ ਕਰਨ ਲਗਿਆਂ ਪਹਿਲਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੋ ਲੇਖਕ ਆਪਣੇ ਆਪ ਨੂੰ ਪਰਵਾਸੀ ਅਖਵਾਉਣਾ ਪਸੰਦ ਨਹੀਂ ਕਰਦੇ ਉਹ ਹੁਣ ਕਨੇਡਾ ਦੇ ਕਹਾਣੀਕਰਾਂ ਦੇ ਤੌਰ ਤੇ ਸਾਡੇ ਸਾਹਮਣੇ ਆਏ ਹਨ।ਇਸ ਸੰਗ੍ਰਿਹ ਤੋਂ ਬਾਦ, ਇੰਗਲੈਂਡ ਦੀ ਪੰਜਾਬੀ ਕਹਾਣੀ ਤੇ ਅਮਰੀਕਾ ਦੀ ਪੰਜਾਬੀ ਕਹਾਣੀ ਦੇ ਸੰਗ੍ਰਿਹ ਆਉਣ ਦੀ ਸੰਭਾਵਨਾ ਬਣ ਗਈ ਹੈ। ਅਸਲ ਵਿਚ ਆਪਣੇ ਆਪ ਨੂੰ ਮੁਖ-ਪੰਜਾਬੀ ਕਹਾਣੀ ਦੀ ਧਾਰਾ ਵਿਚ ਸਥਾਨ ਨਿਸਚਿਤ ਕਰਵਾਉਣ ਦਾ ਯਤਨ ਤੇ ਆਪਣੀ ਵੱਖਰੀ ਪਛਾਣ ਬਣਾਉਣ ਲਈ 'ਕਥਾ ਕਨੇਡਾ ਵਰਗੇ ਸੰਗ੍ਰਿਹਾਂ ਦਾ ਆਉਣਾ ਇਕੋ ਵਰਤਾਰੇ ਦੇ ਦੋ ਪਹਿਲੂ ਹਨ। ਇਸੇ ਲਈ ਇਸ ਬਾਰੇ ਵਧੇਰੇ ਚਿੰਤਤ ਹੋਣ ਦੀ ਲੋੜ ਨਹੀਂ ਹੈ।ਨਿੱਜੀ ਤੌਰ ਤੇ ਅਸੀਂ ਇਨ੍ਹਾਂ ਸਾਰੇ ਕਹਾਣੀਕਾਰਾਂ ਨੂੰ ਮੁੱਖ-ਧਾਰਾ ਦਾ ਹਿੱਸਾ ਹੀ ਮੰਨਦੇ ਹਾਂ।

ਕਥਾ ਕਨੇਡਾ ਪੜ੍ਹਦਿਆਂ ਦੂਸਰੀ ਗੱਲ ਜੋ ਸਾਡਾ ਧਿਆਨ ਖਿੱਚਦੀ ਹੈ ਉਹ ਹੈ 'ਪ੍ਰਵੇਸ਼ਿਕਾ ਵਿਚ ਡਾ: ਰਘਬੀਰ ਸਿੰਘ ਵਲੋਂ ਉਠਾਏ ਗਏ ਕੁਝ ਸਵਾਲ। ਪਹਿਲਾ ਸਵਾਲ ਤਾਂ ਪਰਵਾਸੀ ਲੇਖਕ ਦੀ ਪਰਿਭਾਸ਼ਾ ਦਾ ਹੀ ਹੈ ਜਿਸ ਅਨੁਸਾਰ , " ਪਰਵਾਸੀ ਪੰਜਾਬੀ ਲੇਖਕਾਂ ਦੇ ਪ੍ਰਸੰਗ ਵਿਚ ਉਨ੍ਹਾਂ ਲੇਖਕਾਂ ਦਾ ਜ਼ਿਕਰ ਹੋ ਸਕਦਾ ਹੈ ਜੋ ਸੱਚਮੁੱਚ ਪਰਵਾਸ ਦੇ ਅਨੁਭਵ ਵਿਚੋਂ ਗੁਜ਼ਰ ਕੇ ਉਸ ਅਨੁਭਵ ਨੂੰ ਰਚਨਾਤਮਕ ਪ੍ਰਗਟਾਅ ਦੇਣ ਦੀ ਸਮੱਰਥਾ ਰੱਖਦੇ ਹਨ" ਇਹ ਕਥਨ ਪਰਵਾਸੀ ਲੇਖਕਾਂ ਨੂੰ ਕੇਵਲ ਪਰਵਾਸ ਦੇ ਅਨੁਭਵਾਂ ਤੱਕ ਹੀ ਸੀਮਤ ਕਰ ਦਿੰਦਾ ਹੈ ਜੋ ਆਪਣੇ ਆਪ ਵਿਚ ਗ਼ਲਤ ਧਾਰਣਾ ਹੈ।ਜੋ ਵੀ ਪੰਜਾਬੀ ਵਿਦੇਸ਼ ਵਿਚ ਵਸਦਾ ਹੈ ਉਹ ਪਰਵਾਸੀ ਵੀ ਹੈ ਤੇ ਪੰਜਾਬੀ ਵੀ ਤੇ ਜੋ ਲੇਖਕ ਪਰਵਾਸ ਵਿਚ ਰਹਿੰਦਾ ਹੋਇਆ ਰਚਨਾ ਕਰ ਰਿਹਾ ਹੈ ਉਹ ਪੰਜਾਬੀ ਦੀ ਮੁਖ-ਧਾਰਾ ਦਾ ਹਿੱਸਾ ਹੋਣ ਦੇ ਬਾਵਜੂਦ ਪਰਵਾਸੀ ਵੀ ਹੈ।ਇਕ ਥਾਂ ਦਾ ਲੇਖਕ ਇਕ ਤਰ੍ਹਾਂ ਦਾ ਅਨੁਭਵ ਪੇਸ਼ ਕਰੇ ਤੇ ਦੂਸਰਾ ਕੋਈ ਕਿਸੇ ਹੋਰ ਤਰ੍ਹਾਂ ਦਾ, ਇਹ ਲੇਖਕ ਦੀ ਰਚਨਾਸ਼ੀਲਤਾ ਨੂੰ ਛਾਂਗਣ ਵਾਲ਼ੀ ਗੱਲ ਹੈ ਜੋ ਪ੍ਰਵਾਣ ਨਹੀਂ ਕੀਤੀ ਜਾ ਸਕਦੀ।

'ਪ੍ਰਵੇਸ਼ਿਕਾ ਦੇ ਲੇਖਕ ਨਾਲ਼ ਇਸ ਤੱਥ ਉਪਰ ਕੋਈ ਝਗੜਾ ਨਹੀਂ ਕਿ ਕੈਨੇਡਾ ਦੇ ਲੇਖਕ ਉਥੋਂ ਦੇ ਸਮਾਜਿਕ ਸਭਿਆਚਾਰ ਵਿਚ ਪੰਜਾਬੀਆਂ ਦੇ ਇਕਸੁਰ ਹੋਣ ਦੀ ਸਮੱਸਿਆ ਨੂੰ ਵਿਸਤਾਰ ਦਿੰਦੇ ਹਨ।ਇਨ੍ਹਾਂ ਦੀਆਂ ਕਹਾਣੀਆਂ ਵਿਚ ਦੂਸਰੀਆਂ ਕੌਮੀਅਤਾਂ ਨਾਲ ਨਿੱਘੇ ਸੰਪਰਕ ਦੇ ਵੇਰਵੇ ਗਾਇਬ ਹਨ ਤੇ ਇਹ ਰਚਨਾਕਾਰ, ਔਰਤ ਦੀ ਮੁਕਾਬਲਤਨ ਆਜ਼ਾਦੀ ਨੂੰ ਚਿਤਰਦੇ ਹਨ।"ਸਭ ਲੇਖਕਾਂ ਦੀ ਵਡਿਆਈ ਇਸ ਵਿਚ ਹੈ ਕਿ ਉਹ ਦਵੰਦ, ਵਿਰੋਧਾਭਾਸ ਤੇ ਤਣਾਉ ਦਾ ਪਾਠਕ ਨੂੰ ਅਹਿਸਾਸ ਕਰਵਾਉਂਦੇ ਹੋਏ, ਆਪਣੇ ਵਲੋਂ ਕੋਈ ਫਤਵਾ ਨਹੀਂ ਦਿੰਦੇ" ਆਪਣੀ ਵਲੋਂ ਫਤਵਾ ਨਾ ਦੇਣ ਦਾ ਇਹ ਅਰਥ ਨਹੀਂ ਲੈਣਾ ਚਾਹੀਦਾ ਕਿ ਰਚਨਾਕਾਰਾਂ ਦਾ ਦ੍ਰਿਸ਼ਟੀਕੋਣ ਇਨ੍ਹਾਂ ਕਹਾਣੀਆਂ ਵਿਚੋਂ ਗਾਇਬ ਹੈ ਬਲਕਿ ਇਸ ਇਸ ਗੱਲੋਂ ਕਨੇਡਾ ਦੇ ਸਾਰੇ ਕਹਾਣੀਕਾਰ ਪ੍ਰਗਤੀਸ਼ੀਲ ਹਨ ਕਿ ਉਹ ਨਸਲਪ੍ਰਸਤੀ ਦਾ, ਸਰਮਾਏਦਾਰੀ ਸਿਸਟਮ ਦੀਆਂ ਸ਼ੋਸ਼ਨਕਾਰੀ ਨੀਤੀਆਂ ਦਾ, ਇਸਤ੍ਰੀ ਨੂੰ ਲਤਾੜਣ ਦਾ ਤੇ ਹਰ ਉਸ ਸਮਾਜਿਕ ਬੁਰਾਈ ਦਾ ਵਿਰੋਧ ਕਰਦੇ ਹਨ ਜੋ ਅਮਾਨਵੀ ਹੈ।ਬਜ਼ੁਰਗਾਂ ਪ੍ਰਤੀ ਕੁਤਾਹੀ ਵੀ ਇਸੇ ਸੰਧਰਭ ਵਿਚ ਵੇਖਣੀ ਚਾਹੀਦੀ ਹੈ।" ਕਨੇਡਾ ਵਿਚ ਪ੍ਰਵਾਨ ਚੜ੍ਹ ਰਹੀ ਪ੍ਰਵਾਸੀਆਂ ਦੀ ਨਵੀਂ ਪੀਹੜੀ ਤਾਂ ਅਵੱਸ਼ ਹੀ ਝੂ-ਹੇਰਵੇ ਵਰਗੇ ਭਾਵਾਂ ਤੋਂ ਮੁਕਤ ਹੈ।ਹਾਂ, ਜਗੀਰੂ ਪਿਛੋਕੜ ਵਿਚੋਂ ਯਕਦਮ ਵਿਕਸਿਤ

ਪੂੰਜੀਵਾਦੀ ਸਭਿਆਚਾਰ ਵਿਚ ਪ੍ਰਵੇਸ਼ ਕਰਨ ਅਤੇ ਪਦਾਰਥ ਸੁਖ-ਸੁਵਿਧਾ ਵਾਲ਼ੇ ਨਵੇਂ ਚੁਗਿਰਦੇ ਵਿਚ ਛੇਤੀ ਪੈਰ ਜਮਾਉਣ ਲਈ ਯਤਨਸ਼ੀਲ ਹੋਣ ਨਾਲ ਨਿੱਜ, ਪਰਿਵਾਰ ਅਤੇ ਭਾਈਚਾਰੇ ਦੀ ਪੱਧਰ ਉਤੇ ਜੋ ਤਣਾਉ ਉਭਰਦਾ ਹੈ, ਉਹ ਅਨੁਭਵ ਪੰਜਾਬੀਆਂ ਦੇ ਪਰਵਾਸ ਵਾਲ਼ੇ ਸਭਨਾਂ ਵਿਕਸਿਤ ਪੱਛਮੀ ਪੂੰਜੀਵਾਦੀ ਦੇਸ਼ਾਂ ਵਿਚ ਸਾਂਝਾ ਹੈ" ਕਿਉਂਕਿ ਲੇਖਕ ਅਜਿਹੇ ਸਮਾਜ ਵਿਚੋਂ ਗਏ ਹਨ ਜੋ ਵਿਕਾਸ ਸ਼ੀਲ ਹੈ ਤੇ ਜਿੱਥੇ ਸਰਮਾਏਦਾਰੀ ਨੇ ਜਾਗੀਰਦਾਰੀ ਨਾਲ਼ ਅਜੇ ਵੀ ਗੱਠਜੋੜ ਬਣਾਈ ਰੱਖਿਆ ਹੋਇਆ ਹੈ। ਇਹ ਗੱਠਜੋੜ ਇੰਗਲੈਂਡ ਵਰਗਾ ਪ੍ਰਤੀਕ ਰੂਪ ਵਿਚ ਨਹੀਂ ਸਗੋਂ ਇਸ ਗੱਠਜੋੜ ਨੇ ਪੂਰੀ ਭਾਰਤੀ/ਪੰਜਾਬੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ। ਅਜਿਹੇ ਸਮਾਜ ਵਿਚੋਂ ਜਦੋਂ ਕੋਈ ਪੰਜਾਬੀ ਲੇਖਕ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਲੈ ਕੇ ਵਿਕਸਿਤ ਪੂੰਜੀਵਾਦੀ ਸਮਾਜ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸਨੂੰ ਤੇ ਉਸ ਵਰਗੇ ਹੋਰ ਲੋਕਾਂ ਨੂੰ ਸਭ ਤੋਂ ਪਹਿਲੀ ਸਮੱਸਿਆ ਇਨ੍ਹਾਂ ਦੋ ਸਭਿਆਚਾਰਾਂ ਦੇ ਪਾੜੇ ਵਿਚ ਤਾਲਮੇਲ ਬਿਠਾਉਣ ਦੀ ਆਉਂਦੀ ਹੈ ਜਿਸ ਨੂੰ ਸੁਲਝਾਉਣਾ ਕਿਸੇ ਇਕੱਲੇ-ਕਾਰੇ ਵਿਅਕਤੀ ਦਾ ਕੰਮ ਨਹੀਂ ਹੈ।ਇਸੇ ਲਈ ਕੋਈ ਵੀ ਵਿਅਕਤੀ ਅਨੇਕਾਂ ਅਸੰਤੁਲਤਾਵਾਂ ਦਾ ਸ਼ਿਕਾਰ ਹੋ ਜਾਂਦਾ ਹੈ।ਇਸੇ ਸਭਿਆਚਾਰਕ ਭੇੜ ਵਿਚੋਂ ਪਿਛਾਂਹ ਤਕਾਉਣ ਦੀ ਪ੍ਰਵਿਰਤੀ ਵੀ ਪੈਦਾ ਹੁੰਦੀ ਹੈ।

ਪ੍ਰੀਤਮ ਸਿੱਧੂ ਤੇ ਕੁਝ ਹੋਰ ਵਿਦਵਾਨਾਂ ਨੇ ਇਹ ਤੱਥ ਵਲ ਸਾਡਾ ਧਿਆਨ ਦੁਆਇਆ ਹੈ ਕਿ ਪੰਜਾਬ ਪ੍ਰਤਿ ਉਦਰੇਵੇਂ ਦੀ ਸਥਿੱਤੀ ਜ਼ਮੀਨ ਜਾਇਦਾਦ ਵਾਲਿਆਂ ਨਾਲੋਂ ਦਲਿਤ ਲੋਕਾਂ ਦੀ ਬਿਲਕੁਲ ਵੱਖਰੀ ਹੈ ਕਿਉਂਕਿ ਉਨ੍ਹਾਂ ਪਾਸ ਇੱਥੇ ਜਿਹੜਾ ਦੁਜੈਗੀ ਵਾਲ਼ਾ ਮਾਹੌਲ ਹੈ ਉਹ ਪੱਛਮ ਵਿਚ ਗ਼ੈਰ ਹਾਜ਼ਰ ਹੈ ।ਇਹ ਠੀਕ ਹੈ ਕਿ ਪੱਛਮੀ ਦੇਸ਼ਾਂ ਵਿਚ ਭਾਰਤੀ ਸਮਾਜ ਵਰਗੀ ਜਾਤ-ਪਾਤ ਦੀ ਸਥਿਤੀ ਨਹੀਂ ਤੇ ਇਥੋਂ ਗਏ ਦਲਿਤ ਇਥੋਂ ਨਾਲੋਂ ਵਧੇਰੇ ਖੁੱਲੇ ਰੂਪ ਵਿਚ ਵਿਚਰਦੇ ਹਨ ਪਰੰਤੂੰ ਇਧਰੋਂ ਗਏ ਤਥਾਕਥਿਤ ਉਚ ਜਾਤੀ ਦੇ ਲੋਕਾਂ ਨੇ ਉੱਥੇ ਜਾ ਕੇ ਵੀ ਇਸ ਬਿਮਾਰੀ ਨੂੰ ਕਾਇਮ ਰਖਿੱਆ ਹੈ।ਹਰਪ੍ਰੀਤ ਸੇਖਾ ਦੀ ਕਹਾਣੀ 'ਵਿਚਕਾਰਲੀ ਸੜਕ ਇਸੇ ਸਮੱਸਿਆ ਨਾਲ ਦੋ ਚਾਰ ਹੁੰਦੀ ਹੈ। ਇਸ ਕਹਾਣੀ ਵਿਚ ਸਿੱਧੂ-ਜੁਲਾਹੇ(ਜੱਟ-ਦਲਿਤ) ਦਾ ਵਿਰੋਧ ਦੋ ਦਿਲਾਂ ਨੂੰ ਅੱਜ ਵੀ ਮਿਲਣ ਨਹੀਂ ਦਿੰਦਾ। ਵਿਚਕਾਰਲੀ ਸੜਕ ਸਦੀਵੀ ਜਾਤ ਵੰਡ ਦੀ ਪ੍ਰਤੀਕ ਬਣ ਜਾਂਦੀ ਹੈ।"ਉਨ੍ਹਾਂ ਦੇ ਘਰ ਲੱਗੀ ਗੁਰੂ ਨਾਨਕ ਦੀ ਤਸਵੀਰ ਪਰਦਿਆਂ ਪਿੱਛੇ ਲੁਕ ਜਾਂਦੀ। ਇਹੋ ਤਸਵੀਰ ਸਾਡੇ ਘਰ ਵੀ ਹੈ। ਕਮਾਲ ਹੈ ਦੋਹੀਂ ਘਰੀਂ ਇਕੋ ਜਿਹੀਆਂ ਤਸਵੀਰਾਂ। ਉਹ ਵੀ ਪੰਜਾਬੀ ਅਸੀਂ ਵੀ ਪੰਜਾਬੀ ਉਹ ਵੀ ਮਲਵਈ ਅਸੀਂ ਵੀ ਮਲਵਈ ਉਹ ਜੁਲਾਹੇ ਅਸੀਂ ਜੱਟ। ਵਿਚਕਾਰ ਇਕ ਸੜਕ ਹੈ ਤੇ ਸੜਕ ਉਪਰ ਸੂਲ਼ਾਂ ਉਗੀਆਂ ਹੋਈਆਂ ਹਨ" (ਪੰਨਾ- 89.)ਅਜਿਹੀ ਪਾਟੋਧਾੜ ਨਸਲਪ੍ਰਸਤੀ ਵਿਰੁੱਧ ਲੜਾਈ ਲੜਨ ਵਿਚ ਬਾਧਕ ਸਿੱਧ ਹੁੰਦੀ ਹੈ। ਲੇਖਕ ਨਸਲਪ੍ਰਸਤੀ ਅਤੇ ਜਾਤ-ਪਾਤ ਨੂੰ ਬਰਾਬਰ ਤੇ ਖੜਿਆਂ ਕਰ ਕੇ ਇਨ੍ਹਾਂ ਵਿੱਰੁਧ ਮੋਰਚਾ ਤਿਆਰ ਕਰਦਾ ਹੈ।ਉਪਰੋਕਤ ਸਥਿਤੀਆਂ ਵਿਚੋਂ ਪੈਦਾ ਹੋਈਆਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਜਰਨੈਲ ਸਿੰਘ ਆਪਣੀ ਕਹਾਣੀ 'ਦੋ ਟਾਪੂ ਵਿਚ ਇਕੋ ਥਾਂ ਇੱਕਠਿਆਂ ਕਰ ਦਿੰਦਾ ਹੈ।ਉਹ ਪੰਜਾਬੀਆਂ ਦੇ ਐਸ਼ੋ-ਆਰਾਮ ਪਿੱਛੇ ਹੱਡ ਭੰਨਵੀਂ ਮਿਹਨਤ ਦੀ ਪਛਾਣ ਕਰਵਾਉਂਦਾ ਹੈ; ਪੰਜਾਬੀਆਂ ਨੂੰ ਜੌਬਾਂ ਦੀ ਮੰਡੀ ਵਿਚ ਰੁਲ਼ਦਿਆਂ ਦੇਖਦਾ ਹੈ; ਵਿਅਕਤੀਵਾਦ ਦੇ ਪੰਜਾਬੀ ਔਰਤ ਲਈ ਫਾਇਦੇ ਤੇ ਸਮੁੱਚੇ ਤੌਰ ਤੇ ਇਸ ਦੇ ਨੁਕਸਾਨਾਂ ਨੂੰ ਰੇਖਾਂਕਿਤ ਕਰਦਾ ਹੈ; ਪੈਸੇ ਦੀ ਦੌੜ ਪਿੱਛੇ ਬਣਦੈ ਹਿਸਾਬੀ-ਕਿਤਾਬੀ ਰਿਸ਼ਤਿਆਂ ਦੇ ਪੈਦਾ ਹੋਣ ਦੀ ਪ੍ਰਕਿਰਿਆ ਦਾ ਚਿੱਤ੍ਰਣ ਕਰਦਾ ਹੈ ਅਤੇ ਭਾਰਤੀ ਤੇ ਪਾਕਿਸਤਾਨੀ ਲੋਕਾਂ ਵਲੋਂ ਜੂਨ ਹੰਢਾਉਣ ਪ੍ਰਤਿ ਹਮਦਰਦੀ ਪੈਦਾ ਕਰਦਾ ਹੈ ਅਤੇ ਪੰਜਾਬੀ ਭਾਈਚਾਰੇ ਵਿਚ ਸਪਾਂਸਰਸ਼ਿਪ ਆਦਿ ਤੋਂ ਪੈਦਾ ਹੁੰਦੀਆਂ ਗੁੰਝਲ਼ਾਂ ਨੂੰ ਪੀਡੀਆਂ ਹੁੰਦਿਆਂ ਦਿਖਾਉਂਦਾ ਹੈ।ਤਲਾਕ ਤੋਂ ਪੈਦਾ ਹੋਈ ਔਰਤ/ਮਰਦ ਦੀ ਇੱਕਲਤਾ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਘੋਖਦਾ ਹੈ।ਔਰਤ ਵੱਖ ਹੋ ਕੇ ਵੀ ਆਪਣੀ ਇੱਜ਼ਤ-ਆਬਰੂ ਪ੍ਰਤਿ ਨਿਡਰ ਨਹੀਂ ਹੋ ਸਕਦੀ ਜਿਸ ਬਾਰੇ ਲੇਖਕ ਪਾਠਕ ਨੂੰ ਅਹਿਸਾਸ ਕਰਵਾਉਣਾ ਚਾਹੁੰਦਾ ਹੈ।"ਉਹਨਾਂ ਦਾ ਬਹੁਤਾ ਧਿਆਨ ਆਪਣੀ ਚੁੰਨੀ ਵਲ ਹੁੰਦੈ। ਭਾਵੇਂ ਇਹ ਚੁੰਨੀ ਲੱਕ ਨਾਲ਼ ਬੰਨ੍ਹੀਂ ਹੋਵੇ ਤੇ ਭਾਵੇਂ ਸਿਰ ਤੇ ਹੋਵੇ" ਪੰਜਾਬੀ ਮਰਦ, ਔਰਤ ਨੂੰ ਆਪਣੇ ਅਧੀਨ ਰੱਖੀਣ ਦਾ ਏਨਾ ਆਦੀ ਹੋ ਚੁੱਕਾ ਹੈ ਕਿ ਔਰਤ ਦਾ ਮੋਢਾ ਥੋੜ੍ਹਾ ਉਚਾ

ਹੁੰਦਿਆਂ ਹੀ ਉਸ ਦੀ ਹਉਂ ਜ਼ਖਮੀ ਹੋ ਜਾਂਦੀ ਹੈ ਤੇ ਤਰਕ ਛੱਡ ਕੇ ਸਰੀਰਕ ਬਲ ਦੇ ਪ੍ਰਯੋਗ ਉਪਰ ਆ ਜਾਂਦਾ ਹੈ। 'ਦੋ ਟਾਪੂ ਕਹਾਣੀ ਵਿਚ ਪਾਸ਼ੀ ਤੇ ਬਲਰਾਜ ਦੇ ਰਿਸ਼ਤੇ ਇਸ ਸੰਦਰਭ ਵਿਚ ਵਿਚਾਰੇ ਜਾਣੇ ਚਾਹੀਦੇ ਹਨ।ਪਾਸ਼ੀ ਦਾ ਵਿਕਾਸ ਬਲਰਾਜ ਲਈ ਅਸਹਿ ਹੈ ਜਿਸਦਾ ਸਿੱਟਾ ਤਲਾਕ ਵਿਚ ਨਿਕਲ਼ਦਾ ਹੈ।

ਇਨ੍ਹਾਂ ਕਹਾਣੀਆਂ ਵਿਚ ਔਰਤ ਨੂੰ ਪੈਰ ਦੀ ਜੁੱਤੀ ਸਮਝਣ ਵਾਲ਼ੇ ਪੰਜਾਬੀਆਂ ਵਿਚ ਵਿਦੇਸ਼ ਜਾ ਕੇ ਹੋਰ ਵੀ ਵਿਗਾੜ ਆਉਂਦਿਆ ਵੇਖਿਆ ਜਾ ਸਕਦਾ ਹੈ।ਔਰਤ ਦੇ ਸੋਚਣ ਮੁਤਾਬਕ ਇਹ ਮਰਦ ਉਨ੍ਹਾਂ ਨੂੰ 'ਜੂਠੀਆਂ ਪਲੇਟਾਂ ਸਮਝਦੇ ਹਨ। ਉਹ ਆਪ ਤਾਂ ਸਾਮੂਹਿਕ ਤੌਰ ਤੇ ਵੇਸਵਾ ਘਰਾਂ ਵਿਚ ਗੇੜੇ ਮਾਰਦੇ ਹਨ ਪਰ ਔਰਤ ਇੱਕਲੀ ਉਨ੍ਹਾਂ ਦੀਆਂ ਜੂਠੀਆਂ ਪਲੇਟਾਂ ਸਾਫ ਕਰਨ ਤਕ ਸੀਮਤ ਰਹਿ ਜਾਂਦੀ ਹੈ।

ਤਲਾਕ-ਸ਼ੁਦਾ ਔਰਤ ਬੱਚੇ ਪਾਲਣ ਦੀ ਜ਼ਿਮੇਵਾਰੀ ਨਿਭਾਉਂਦੀ ਹੈ ਪਰ ਮਰਦ ਝੱਟ ਕਿਸੇ ਹੋਰ ਔਰਤ ਨਾਲ਼ ਰਹਿਣ ਲੱਗ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਮੇਲੋ ਦੀ( ਮੇਲੋ ਦੀ ਕਹਾਣੀ-ਸੁਰਜੀਤ ਕਲਸੀ) ਵਿਅੰਗਮਈ ਸੋਚ ਬੜੀ ਚੁਭਵੀਂ ਹੈ, "ਬੱਚੇ ਪਾਲ਼ਦੀ ਨੇ ਸਾਰੀ ਜਵਾਨੀ ਕੱਢਤੀ।ਬੰਦਾ ਤਾਂ ਇਸ ਜ਼ਿਮੇਵਾਰੀ ਤੋਂ ਸਾਫ ਬਰੀ ਹੋ ਜਾਂਦੈ, ਝਟਪਟ ਜਾ ਕੇ ਦੂਜਾ ਵਿਆਹ ਕਰਵਾ ਲਿਆ। ਜੇ ਅਣਖ ਹੁੰਦੀ ਤੁਰਦਾ ਖਾਂ ਕੱਲਾ ਨੰਗੇ ਪੈਰੀਂ ਜਵਾਨੀ ਦੇ ਤਪਦੇ ਮਾਰੂਥਲ ਵਿਚ। ਉਸ ਨੂੰ ਲੱਗਾ ਗੁਰਵੰਤ ਜਿਵੇਂ ਫਿਰ ਘੋੜਿਆਂ ਦੀ ਰੇਸ ਹਾਰ ਗਿਆ ਸੀ।"

ਮੇਲੋ ਦੇ ਇਸ ਚੈਲੰਜ ਨੂੰ ਕੋਈ ਵਿਆਹਿਆ ਵਰਿਆ ਤਾਂ ਸਵੀਕਾਰ ਨਹੀਂ ਕਰਦਾ ਪਰੰਤੂ ਪੰਜਾਬੋਂ ਡਾਲਰਾਂ ਦੀ ਝਾਕ ਵਿਚ ਗਏ ਛੜੇ-ਮਲੰਗ ਇਸ ਤੋਂ ਵੀ ਬਦਤਰ ਜ਼ਿੰਦਗੀ ਜਿਉਂਦੇ ਹਨ। ਇਸ ਦਾ ਚਿੱਤ੍ਰਣ ਸਾਨੂੰ ਹਰਪ੍ਰੀਤ ਸੇਖਾ ਦੀ ਕਹਾਣੀ 'ਸੱਖਣਾ ਦਿਲ ਵਿਚ ਮਿਲ਼ਦਾ ਹੈ ਜਿਸ ਵਿਚ ਮਰਦ, ਔਰਤ-ਦੋਸਤ ਨਾਲ਼ ਰਹਿੰਦਾ ਹੋਇਆ ਵੀ ਅਸੰਤੁਸ਼ਟ ਹੈ। ਉਹ ਪਿੱਛੇ ਰਹਿ ਗਏ ਰਿਸ਼ਤਿਆਂ ਦੀ ਯਾਦ ਵਿਚ ਲੁੱਛਦਾ ਹੈ।ਇਉਂ ਉਹ ਇਕ ਸੱਖਣੇਪਣ ਦੇ ਜੀਵਨ ਨੂੰ ਜਿਉਂਦਾ ਹੈ।"ਉਦਾਸ ਉਦਾਸ ਉਹ ਛੱਤ ਵਲ ਵੇਖਣ ਲੱਗਾ। ਛੱਤ ਵਲ ਦੇਖਦਿਆਂ ਉਹਨੂੰ ਬਿਸਤਰੇ ਦੇ ਪਾਸਾਰ ਵਿਚ ਖਾਲੀ ਜਗਾਹ ਦਾ ਅਹਿਸਾਸ ਹੋ ਰਿਹਾ ਸੀ। ਉਸਦੇ ਮਨ ਵਿਚ ਕੁਝ ਹੋਣ ਲੱਗਾ। ਇਕ ਟੁੱਟ ਭੱਜ। ਇਹ ਟੁੱਟ ਭੱਜ ਉਹਦੇ ਦਿਲ ਵਿਚ ਵੀ ਸਖਣੇਪਣ ਦਾ ਅਹਿਸਾਸ ਜਗਾ ਗਈ। ਸੱਖਣਾਪਣ ਜਿਹਨੇ ਉਹਨੂੰ ਖਾਲੀ ਵੀ ਨਹੀਂ ਸੀ ਰਹਿਣ ਦਿੱਤਾ ਤੇ ਜਿਹੜਾ ਕਦੀ ਭਰਿਆ ਵੀ ਨਹੀਂ ਸੀ"(ਪੰਨਾ-92) ਚੂੜੇ ਵਾਲੀ ਦੀ ਯਾਦ ਉਸਦੀ ਹੋਂਦ ਨੂੰ ਇਕ ਹੱਦ ਤਕ ਭਰਦੀ ਹੈ ਪਰੰਤੂ ਉਸਦੀ ਤ੍ਰਿਸ਼ੰਕੂ ਵਾਲ਼ੀ ਸਥਿਤੀ ਵੀ ਸਾਫ ਹੈ। "ਉਹਦੇ ਦਿਲ ਵਿਚ ਅਣਹੋਂਦ ਦੀ ਜਗਾਹ ਇਕ ਹੋਂਦ ਨਾਲ਼ ਭਰਨ ਲੱਗੀ।ਅਣਹੋਂਦ ਤੋਂ ਹੋਂਦ ਵਲ ਅਤੇ ਹੋਂਦ ਤੋਂ ਅਣਹੋਂਦ ਵਲਦਾ ਪਰਵਾਹ ਵਗਦਾ ਉਹਦੀਆਂ ਅੱਖਾਂ ਚੋਂ ਵਹਿ ਤੁਰਿਆ।"

ਭਾਰਤੀ ਸੰਸਕਾਰਾਂ ਵਿਚ ਪੁੱਤਰ ਦੀ ਪ੍ਰਾਪਤੀ ਏਨੀ ਧੱਸ ਚੁੱਕੀ ਹੈ ਕਿ ਇਸ ਲਈ ਦੂਜਿਆਂ ਦੇ ਬੱਚਿਆਂ ਦੀ ਬਲੀ ਤਕ ਦੇਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ।ਪੁੱਤਰ ਪ੍ਰਤਿ ਔਰਤ ਦਾ ਮੋਹ ਸ਼ਾਇਦ ਸਰੀਰਕ ਤੌਰ ਤੇ ਸ਼ਕਤੀਸ਼ਾਲੀ ਮਰਦ ਨੂੰ ਜਨਮ ਦੇ ਕੇ ਆਪਣੇ ਵਰਗੀ 'ਅਬਲਾ ਨੂੰ ਸੰਸਾਰ ਵਿਚ ਆਉਣ ਤੋਂ ਰੋਕਣ ਦੀ ਪਰਵਿਰਤੀ ਨਾਲ਼ ਸੰਬੰਧਿਤ ਹੈ। ਵਿਸ਼ਵ ਭਰ ਵਿਚ ਪੁੱਤਰ ਪ੍ਰਤਿ ਮੋਹ ਹੈ,ਪਰੰਤੂ ਭਾਰਤੀ ਮਾਨਸਿਕਤਾ ਵਿਚ ਇਸ ਦਾ ਸਿਖਰ ਵੇਖਿਆ ਜਾ ਸਕਦਾ ਹੈ।ਇਹੀ ਕਾਰਣ ਹੈ ਕਿ ਹਰਦਿੱਤ ਕੌਰ(ਬੇਗਾਨੀਆਂ ਕੰਧਾਂ) ਵਰਗੀ ਔਰਤ ਧੀਆਂ ਦੀ ਮਾਂ ਹੁੰਦਿਆਂ ਹੋਇਆਂ ਵੀ 'ਬੇਬੀ ਸਿਟਿੰਗ ਵਿਚ ਦੇਖ ਰੇਖ ਲਈ ਰੱਖੇ ਮਿੰਨ੍ਹੇ ਨਾਲ਼ ਪੁੱਤਰ ਦਾ ਰਿਸ਼ਤਾ ਜੋੜ

ਲੈਂਦੀ ਹੈ। ਇਸ ਤੋਂ ਉਸਨੂੰ ਵਿਸ਼ਾਦ ਤੋਂ ਬਗੈਰ ਹੋਰ ਕੁਝ ਹਾਸਲ ਨਹੀਂ ਹੁੰਦਾ। ਇਹ ਕਹਾਣੀ ਉਪਭਾਵੁਕਤਾ ਦੇ ਧਰਾਤਲ ਤੇ ਆਰੰਭ ਹੋ ਕੇ ਉਪਭਾਵੁਕਤਾ ਦੇ ਧਰਾਤਲ ਤੇ ਹੀ ਸਮਾਪਤ ਹੋ ਜਾਂਦੀ ਹੈ।

'ਪੁਰਸਲਾਤ(ਸਾਧੂ ਸਿੰਘ) ਕਹਾਣੀ ਵਿਚ ਧੀ ਦਾ ਭਾਵੁਕ ਦੁਖਾਂਤ ਵਾਪਰਦਾ ਹੈ।ਚੱਠਾ ਸਰਦਾਰ ਸਾਮੂਹਿਕ ਸੰਸਕਾਰਾਂ ਸਾਹਵੇਂ ਹਥਿਆਰ ਸੁੱਟ ਦਿੰਦਾ ਹੈ।ਉਹ ਉਮਰ ਦੇ ਆਖਰੀ ਦਿਨਾਂ ਵਿਚ ਧੀ ਦੇ ਘਰ ਬੋਝ ਨਹੀਂ ਬਣਨਾ ਚਾਹੁੰਦਾ। ਸ਼ਰੀਕ ਦੀ ਮਾਰੀ ਬੋਲੀ ਕਾਰਣ ਉਹ ਮਰਨ ਕਿਨਾਰੇ ਪਹੁੰਚ ਜਾਂਦਾ ਹੈ। ਇਨ੍ਹਾਂ ਸੰਸਕਾਰਾਂ ਤੇ ਯਥਾਰਥ ਦੇ ਦੁਫੇੜ ਨੂੰ ਕਹਾਣੀਕਾਰ ਨੇ ਵਾਰਤਾਲਾਪਾਂ ਰਾਹੀਂ ਉਜਾਗਰ ਹੁੰਦੇਵਿਖਾਇਆ ਹੈ।"ਤੂੰ ਤਾਂ ਮੇਰਾ ਸਰਵਣ ਪੁੱਤ ਹੋ ਕਮਲ, ਸਰਵਣ ਪੁੱਤ।ਜਿਦਾਂ ਤੂੰ ਮੇਰੀ ਵਹਿੰਗੀ ਢੋਈ ਆ, ਸਰਵਣ ਨੈ ਕੀ ਢੋਈ ਹੋਣੀ ਆਂ----ਓਦਾਂ ਰੱਬ ਹੁਣ ਚੱਕ ਹੀ ਲਏ ਤਾਂ ਚੰਗਾ। ਧੀ ਦਾ ਘਰ ਫੇਰ ਵੀ ਧੀ ਦਾ ਘਰ ਹੀ ਹੁੰਦਾ ਹੈ"(ਪੰਨਾ-56.)ਅਮਰਜੀਤ ਚਾਹਲ ਦੀ 'ਮੁਖੜਾ ਚੰਨ ਵਰਗਾ ਕਹਾਣੀ ਵਿਦੇਸ਼ੀਂ ਗਏ ਲੋਕਾਂ ਦੇ ਪਿਛਲੇ ਘਰੀਂ ਹੁੰਦੀ ਬਰਬਾਦੀ ਦੀ ਬਾਤ ਪਾਉਂਦੀ ਹੈ।ਬੇਜੀ ਕੋਲ਼ ਸਮਾਜਿਕ ਤੌਰ ਤੇ ਸਮਝੇ ਜਾਂਦੇ ਵਿਵਹਾਰ ਦਾ ਆਪਣਾ ਹੀ ਤਰਕ ਹੈ।ਉਸਦਾ ਘਰ ਵਾਲ਼ਾ ਸਾਰੀ ਜ਼ਿੰਦਗੀ ਜ਼ਮੀਨ ਜਾਇਦਾਦਾਂ ਬਣਾਉਣ ਲਈ ਬਾਹਰ ਭਟਕਦਾ ਰਹਿੰਦਾ ਹੈ। ਉਹ ਆਪਣੇ ਵਰਗੀ ਹੋਣੀ ਤੌਂ ਆਪਣੀ ਨੂੰਹ ਨੂੰ ਬਚਾਉਣਾ ਚਾਹੁੰਦੀ ਹੈ। ਇਸੇ ਲਈ ਉਹ ਪੁੱਤਰ ਨੂੰ ਕਹਿੰਦੀ ਹੈ ਕਿ, "ਕਾਕਾ ਸ਼ਹਿਰ ਚੱਲਿਆਂ ਤਾਂ ਸੁਰਿੰਦਰ ਕੌਰ ਨੂੰ ਵੀ ਨਾਲ਼ ਈ ਲੈ ਜਾ---ਇਹਦਾ ਵੀ 'ਪਾਸਪੋਰਟ ਬਣਨ ਦੇ ਦੇਵੀਂ---ਜ਼ਮੀਨਾਂ ਤਾਂ ਖਸਮਾਂ ਨੂੰ ਖਾਣੀਆਂ ਇੱਥੇ ਹੀ ਰਹਿਣਗੀਆਂ---ਜਦ ਵਾਹਣੀਆਂ ਹੋਣਗੀਆਂ ਉਦੋਂ ਖਰੀਦ ਲਿਉ---ਆਪਣੇ ਬਾਪੂ ਵਲ ਈ ਵੇਖ---ਸਾਰੀ ਉਮਰ ਬਾਹਰ ਕੱਢ ਲਈ"(ਪੰਨਾ-45.)

ਵਿਦੇਸ਼ਾਂ ਦੇ ਸੁਪਨੇ ਲੈਂਦੇ ਬਜ਼ੁਰਗਾਂ ਦੀਆਂ ਭ੍ਰਾਂਤੀਆਂ ਉਦੋਂ ਦੂਰ ਹੁੰਦੀਆਂ ਹਨ ਜਦੋਂ ਮਜਬੂਰੀਆਂ ਵੱਸ ਜਾਂ ਫਿਰ ਮੰਡਿਆਂ ਦੇ ਲਾਲਚ ਕਾਰਣ ਉਨ੍ਹਾਂ ਨੂੰ ਬੇਸਮੈਂਟਾਂ ਵਿਚ ਰਹਿਣਾ ਪੈਂਦਾ ਹੈ।ਇਨ੍ਹਾਂ ਬਜ਼ੁਰਗਾਂ ਦੀਆਂ ਯਥਾਰਥਕ ਤੇ ਮਾਨਸਿਕ ਸਮੱਸਿਆਵਾਂ ਨੂੰ 'ਕਥਾ ਕਨੇਡਾ ਦੀਆਂ ਕਈ ਕਹਾਣੀਆਂ ਛੂੰਹਦੀਆਂ ਹਨ ਪਰ ਦੋ ਕਹਾਣੀਆਂ 'ਸਰਦ ਰਿਸ਼ਤੇ(ਅਮਨ ਪਾਲ ਸਾਰਾ) ਅਤੇ 'ਬਰਫ ਦਾ ਗੀਤ (ਸਾਧੂ ਸਿੰਘ)ਕੇਵਲ ਇਸੇ ਸਮੱਸਿਆ ਨਾਲ਼ ਜੁੜੀਆਂ ਹੋਈਆਂ ਕਹਾਣੀਆਂ ਹਨ। ਸਾਡਾ ਵਿਚਾਰ ਇਹ ਹੈ ਕਿ 'ਸਰਦ ਰਿਸ਼ਤੇ ਅਮਨ ਪਾਲ ਸਾਰਾ ਦੀ ਪ੍ਰਤਿਨਿਧ ਰਚਨਾ ਨਹੀਂ ਹੈ।ਸੰਪਾਦਕਾਂ ਦੀਆਂ ਆਪਣੀਆਂ ਮਜਬੂਰੀਆਂ ਰਹੀਆਂ ਹੋ ਸਕਦੀਆਂ ਹਨ ਪਰ ਜੇ ਜਰਨੈਲ ਸਿੰਘ ਤੇ ਸਾਧੂ ਸਿੰਘ ਦੀਆਂ ਲੰਬੀਆਂ ਕਹਾਣੀਆਂ ਸ਼ਾਮਲ ਹੋ ਸਕਦੀਆਂ ਹਨ ਤਾਂ 'ਵੀਹਾਂ ਦਾ ਨੋਟ ਕਹਾਣੀ ਵੀ ਇਸ ਸੰਗ੍ਰਹਿ ਵਿਚ ਸ਼ਾਮਲ ਹੋਣੀ ਜ਼ਰੂਰੀ ਸੀ ਤਾਂ ਕਿ ਇਹ ਸੰਗ੍ਰਹਿ ਹੋਰ ਵੀ ਸਾਰਥਕ ਬਣ ਜਾਂਦਾ।ਖੈਰ 'ਸਰਦ ਰਿਸ਼ਤੇ ਛੋਟੇ ਜਿਹੇ ਕਲੇਵਰ ਵਿਚ ਵੀ ਬਜ਼ੁਰਗਾਂ ਦੀ ਸਥਿਤੀ ਬਾਰੇ ਬਹੁਤ ਕੁਝ ਕਹਿ ਗਈ ਹੈ। ਬਜ਼ੁਰਗ ਸੁੱਖਾਂ ਸੁਖਦੇ ਪਹਿਲਾਂ ਪੁਤੱਰ ਪ੍ਰਾਪਤ ਕਰਦੇ ਹਨ ਫਿਰ ਔਖਿਆਈਆਂ ਨਾਲ ਬਾਹਰ ਭੇਜਦੇ ਹਨ। ਪਰ ਉਹ ਆਪਣੇ ਮਾਪਿਆਂ ਨੂੰ ਮਿਲਣ ਤਕ ਨਹੀਂ ਆਉਂਦੇ। ਜੇ ਉਹ ਉਨ੍ਹਾਂ ਨੂੰ ਨਾਲ਼ ਲੈ ਜਾਂਦੇ ਹਨ ਤਾਂ ਫਾਰਮਾਂ ਨੂੰ ਕੰਮ ਕਰਨ ਲਈ ਭੇਜ ਦਿੰਦੇ ਹਨ। ਇਨ੍ਹਾਂ ਵਿਚਾਰਿਆਂ ਨੂੰ ਲੰਗਰ ਵੀ ਗੁਰਦੁਆਰਿਉਂ ਛਕਣਾ ਪੈਂਦਾ ਹੈ। ਵੱਡੇ ਵੱਡੇ ਘਰਾਂ ਦੇ ਬਾਵਜੂਦ ਉਨ੍ਹਾਂ ਨੂੰ ਬੇਸਮੈਂਟਾਂ ਵਿਚ ਰਹਿਣਾ ਪੈਂਦਾ ਹੈ।ਪੋਤਿਆਂ ਨੂੰ ਉਨ੍ਹਾਂ ਦੀ ਦਾੜ੍ਹੀ ਵਿਚੋਂ ਮੁਸ਼ਕ ਆਉਂਦੀ ਹੈ।ਉਹ ਹਨੇਰਾ ਹੋਣ ਦੀ ਉਡੀਕ ਕਰਦੇ ਹਨ।

'ਬਰਫ ਦਾ ਗੀਤ ਕਹਾਣੀ ਦਾ ਚਰਨ ਸਿੰਘ ਵੀ ਇਨ੍ਹਾਂ ਬਜ਼ੁਰਗਾਂ ਵਿਚੋਂ ਇਕ ਹੈ ਜਿਸਦਾ ਪੁੱਤਰ ਨਵੇਂ ਘਰ ਬਣਾਉਂਦਾ ਬਣਾਉਂਦਾ ਸਾਰਾ ਘਰ ਕਿਰਾਏ ਤੇ ਦੇ ਕੇ ਪਿਉ ਨੂੰ ਬੇਸਮੈਂਟ ਵਿਚ ਪਹੁੰਚਾ ਦਿੰਦਾ ਹੈ। ਇਹੀ ਲਾਲਚ ਬੱਚਿਆਂ ਪ੍ਰਤਿ ਕੁਤਾਹੀ ਨੂੰ ਵੀ ਜਨਮ ਦਿੰਦਾ ਹੈ।

ਰਵਿੰਦਰ ਰਵੀ ਦੀ ਕਹਾਣੀ 'ਇਕ ਹੈਮਿੰਗਵੇ ਹੋਰ ਪਿੰਡ ਤੇ ਬ੍ਰਹਿਮੰਡ ਦੀ ਚੇਤਨਾ ਵਿਚ ਝੂਲਦੇ ਮਾਨਵ ਦੀ ਕਹਾਣੀ ਹੈ।"ਉਹ ਜਿਵੇਂ ਚੱਕੀ ਦੇ ਦੋ ਭਾਰੀ ਪੁੜਾਂ ਵਿਚਕਾਰ ਆ ਗਿਆ ਸੀ। ਇਕ ਪੁੜ ਪਿੰਡ ਦਾ, ਇਕ ਬ੍ਰਹਿਮੰਡ ਦਾ। ਨਾ ਪਿੰਡ ਆਪਣਾ ਨਾ ਬ੍ਰਹਿਮੰਡ ਤਕ ਰਸਾਈ। ਵਿਚਕਾਰ ਉਸਦੀ ਚੇਤਨਾ: ਇਕ ਵਿਫਲ ਚੇਤਨਾ,ਇਕ ਵਿਫਲ ਯਤਨ ਫਿਰ ਵੀ ਬਲ਼ ਰਹੀ"(ਪੰਨਾ-64) ਅਸਲ ਵਿਚ ਅਤਿ ਵਿਕਸਿਤ ਕਿਹਾ ਜਾਂਦਾ ਸਰਮਾਏਦਾਰੀ ਸਿਸਟਮ ਮਾਨਵ ਨੂੰ ਅਰਾਜਕਤਾ ਦਾ ਸ਼ਿਕਾਰ ਬਣਾਉਂਦਾ ਹੈ। ਇਸੇ ਅਰਾਜਕਤਾ ਵਿਚੋਂ ਸਮਾਜ ਤੋਂ ਭੱਜੇ ਮਨੁੱਖ ਵਿਚ ਵਿਅਕਤੀਵਾਦੀ ਸੋਚ ਪੈਦਾ ਹੁੰਦੀ ਹੈ। ਜਿਸ ਨੂੰ 'ਸਰਵਾਈਵਲ ਆਫ ਦਾ ਫਿੱਟੈਸਟਦਾ ਨਾਮ ਦਿੱਤਾ ਜਾਂਦਾ ਹੈ।"ਅਜੋਕਾ ਰਾਜਨੀਤਕ ਤੇ ਆਰਥਕ ਮਾਹੌਲ ਵੀ ਇਕ ਸ਼ਿਕਾਰਗਾਹ ਹੀ ਹੈ ਜਿੱਥੇ ਹਰ ਕੋਈ ਹਰ ਸਮੇਂ ਹਰ ਕਿਸੇ ਨੂੰ ਸ਼ਿਕਾਰ ਕਰਨ ਦੇ ਆਹਰ ਵਿਚ ਹੈ"(ਪੰਨਾ-67.) ਅਜਿਹੇ ਵਿਅਕਤੀ ਦੀ ਸੋਚ ਹੀ ਤਲਾਸ਼,ਭਟਕਣ,ਸ਼ਾਂਤੀ ਤੇ ਮੌਤ ਦੇ ਅਰਥਾਂ ਨੂੰ ਖਲਤ ਮਲਤ ਕਰ ਸਕਦੀ ਹੈ।"ਉਸ ਨੇ ਆਪਣੀ ਤਲਾਸ਼ ਦਾ ਨਾਮ ਮਨ ਦੀ ਸ਼ਾਂਤੀ ਰੱਖ ਲਿਆ ਸੀ। ਜਿਵੇਂ ਵੀ , ਜਿੱਥੇ ਵੀ ਇਹ ਪਾਈ ਜਾ ਸਕੇ। ਕੁਝ ਪ੍ਰਾਪਤੀ ਕਰਕੇ ਜਾਂ ਕੁਝ ਖੋ ਕੇ। ਕੀ ਫਰਕ ਪੈਂਦਾ ਸੀ?"(ਪੰਨਾ-66.) ਰਵੀ ਕਈ ਥਾਈਂ ਭਾਵਵਾਚਕ ਹੋ ਜਾਂਦਾ ਹੈ ਜਾਂ ਫਿਰ ਕਹਾਣੀ ਅਜੋਕੇ ਉਲ਼ਝੇ ਮਨੁੱਖ ਦੀ ਉਲ਼ਝੀ ਤਸਵੀਰ ਵਰਗੀ ਬਣ ਕੇ ਸਾਹਮਣੇ ਆਉਂਦੀ ਹੈ।

"ਮਨ ਦੀ ਸ਼ਾਂਤੀ ਲਈ ਮੌਤ ਦੇ ਭੈ ਤੋਂ ਮੁਕਤ ਹੋਣਾ ਜ਼ਰੂਰੀ ਹੈ"

"ਮੌਤ ਦੇ ਭੈ ਤੋਂ ਮੁਕਤੀ ਕਿਸੇ ਨੂੰ ਮਾਰਨ ਦਾ ਨਿੱਜੀ ਅਨੁਭਵ ਪ੍ਰਾਪਤ ਕਰਕੇ ਹੀ ਹੋ ਸਕਦੀ ਹੈ"

"ਕਥਾ ਕਨੇਡਾ" ਵਿਚ ਦੋ ਕੁ ਥਾਵਾਂ ਤੇ ਲੇਖਕਾਂ ਦੀ ਸੋਚ ਉਪਰ ਵੀ ਪ੍ਰਸ਼ਨ ਚਿੰਨ੍ਹ ਲ਼ਾਉਣਾ ਪੈਂਦਾ ਹੈ।'ਮੇਲੋ ਦੀ ਕਹਾਣੀ(ਸੁਰਜੀਤ ਕਲਸੀ) ਵਿਚ ਮੇਲੋ ਤੇ ਉਸ ਦੀ ਬੇਜੀ ਦਾ ਸੰਵਾਦ ਇਥੇ ਪੇਸ਼ ਹੈ, "ਤੁਹਾਨੂੰ ਅੱਜ ਕਲ੍ਹ ਦੀਆਂ ਨੂੰ ਰਹਿਣਾ ਨਹੀਂ ਆਉਂਦਾ---ਅਸਾਂ ਜ਼ਿੰਦਗੀ ਲੰਘਾ ਤੀ---ਇਕ ਅੱਧ ਮਾਰੂ ਬੰਦਾ---ਆਪੂੰ ਸਮਝ ਜਾਂਦੈ"

"ਪਰ ਬੀਬੀ ਨੂੰ ਨਹੀਂ ਸੀ ਪਤਾ ਕਿ ਉਹ ਜ਼ਮਾਨਾ ਪੰਜਾਬ ਦੇ ਪਿੰਡਾਂ ਦਾ ਸੀ ਜਿੱਥੇ ਬੰਦਾ ਔਰਤ ਨੂੰ ਆਪਣੀ ਇਜ਼ਤ ਸਮਝਦਾ ਹੁੰਦਾ ਸੀ ਤੇ ਘਰ ਦੀ ਮਾਲਕਣ।ਇੱਥੇ ਇਹ ਜ਼ਮਾਨਾ ਕਨੇਡਾ ਦਾ ਹੈ ਜਿੱਥੇ ਡਾਲਰਾਂ ਦੇ ਰਿਸ਼ਤੇ ਹਨ, ਔਰਤ ਜੇ ਡਾਲਰ ਕਮਾਂਦੀ ਹੈ ਤਾਂ ਰਿਸ਼ਤਾ ਹੈ, ਨਹੀਂ ਤਾਂ ਰਿਸ਼ਤਾ ਕੱਚ ਦੇ ਗਲਾਸ ਵਾਂਗ ਟੁੱਟ ਜਾਂਦੈ। ਨਾ ਹੀ ਔਰਤ ਘਰ ਦੀ ਮਾਲਕਣ ਹੈ ਨਾ ਘਰ ਵਾਲ਼ੀ---"(ਪੰਨਾ-30.) ਅਸੀਂ ਮੰਨਦੇ ਹਾਂ ਕਿ ਮੇਲੋ ਦੀ ਵਾਰਤਾਲਾਪ ਨਾਲ ਲੇਖਕ ਸਹਿਮਤ ਹੈ ਕਿਉਂਕਿ ਉਹ ਉਸਦਾ ਪੱਖ ਪੂਰ ਰਿਹਾ ਹੈ।ਇਸੇ ਲਈ ਅਸੀਂ ਇਹ ਕਹਿਣ ਦੀ ਗ਼ੁਸਤਾਖੀ ਕਰ ਰਹੇ ਹਾਂ ਕਿ ਲੇਖਕ ਜਾਗੀਰਦਾਰੀ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਠੀਕ ਨਹੀਂ ਸਮਝ ਸਕਿਆ।ਜੇ ਪਿੰਡਾਂ ਦਾ ਵਿਅਕਤੀ 'ਔਰਤ ਨੂੰ ਆਪਣੀ ਇੱਜ਼ਤ ਸਮਝਦਾ ਹੋਵੇ ਤਾਂ ਫਿਰ ਉਹ ਰੋਜ਼ਾਨਾ ਉਸਦੇ ਹੱਡ ਨਾ ਭੰਨੇ। ਇਸ ਸਥਿਤੀ ਨੂੰ ਬੀਜੀ ਨਿੱਤ ਭੋਗਦੀ ਹੈ।ਜੇ ਮਰਦ ਔਰਤ ਨੂੰ ਘਰ ਦੀ ਮਾਲਕਣ ਸਮਝੇ ਤਾਂ ਫਿਰ ਹਰ ਕੰਮ ਧੌਂਸ ਨਾਲ਼, ਆਪਣੀ ਮਰਜ਼ੀ ਨਾਲ਼ ਹੁਕਮ ਚਾੜ੍ਹ ਕੇ ਨਾ ਕੀਤਾ ਜਾਵੇ।ਜਾਗੀਰਦਾਰੀ ਵਿਚ ਔਰਤ ਦੀ ਸਥਿਤੀ ਬਾਰੇ ਹੋਰ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ ਪਰ ਵਿਸਤਾਰ ਦੇ ਡਰੋਂ ਇਸ ਬਹਿਸ ਨੂੰ ਇੱਥੇ ਹੀ ਛੱਡ ਰਹੇ ਹਾਂ।ਪਰ ਏਨੇ ਤੋਂ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਲੈਖਕ ਦੀ ਦ੍ਰਿਸ਼ਟੀ ਅਜੇ ਸਾਫ ਨਹੀਂ। ਇਉਂ ਹੀ ਅਸੀਂ ਅਮਰਜੀਤ ਚਾਹਲ ਦੀ ਕਹਾਣੀ "ਮੁਖੜਾ ਚੰਨ ਵਰਗਾ"ਵਿਚ ਇਹ ਵਾਕ ਪੜ੍ਹਦੇ ਹਾਂ, "ਸਿਆਣਪ ਮਾੜੇ -4-ਆਦਮੀ ਨੂੰ ਬੋਦਾ ਕਰ ਦਿੰਦੀ ਹੈ। ਉਸਦੀ ਲਚਕ ਮੁੜ ਸੂਤ ਕਰਕੈ ਸਿੱਧਾ ਹੋਣ ਦੀ ਥਾਂ ਟੁੱਟ ਜਾਂਦੀ ਹੈ। ਪਿੱਠ ਪਰਨੇ ਡਿੱਗਾ ਉਹ ਸਹਾਰਾ ਢੂੰਡ ਰਿਹਾ ਸੀ" ਜੇ ਅਸੀਂ ਆਪਣੀ ਵਲੋਂ ਟਿੱਪਣੀ ਨਾ ਵੀ ਕਰੀਏ ਤਾਂ ਵੀ ਇਸ ਕਥਨ ਦਾ 'ਬੋਦਾਪਣ ਸਾਫ ਵਿਖਾਈ ਦਿੰਦਾ ਹੈ।

ਕੁਝ ਦਿਨਾਂ ਤੋਂ ਇਹ ਸ਼ਿਕਾਇਤ ਕੀਤੀ ਜਾ ਰਹੀ ਹੈ ਕਿ ਪੁਸਤਕਾਂ ਦੇ ਰਿਵੀਊ/ਵਿਸ਼ਲੇਸ਼ਣ ਕਰਦੇ ਸਮੇਂ ਕੇਵਲ ਵਿਸ਼ੇ ਵਸਤੂ ਉਪਰ ਚਰਚਾ ਕਰਕੇ ਕੰਮ ਚਲਾਇਆ ਜਾ ਰਿਹਾ ਹੈ। ਕਾਹਲ਼ੀ ਨਾਲ਼ ਕੀਤੇ ਵਿਸ਼ਲੇਸ਼ਣਾਂ ਵਿਚ ਅਜਿਹਾ ਹੋਣਾ ਸੰਭਵ ਵੀ ਹੈ।ਦੂਜੇ ਪਾਸੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਅਕਾਦਮਿਕ ਕਿਸਮ ਦੇ ਵਿਦਵਾਨ ਅਕਾਦਮਿਕ ਕਿਸਮ ਦੀ ਆਲੋਚਨਾ ਤਕ ਸੀਮਤ ਹੋ ਕੇ ਰਹਿ ਗਏ ਹਨ। ਇਕ ਹੱਦ ਤੱਕ ਇਹ ਗੱਲ ਸੱਚ ਹੁੰਦਿਆਂ ਹੋਇਆਂ ਵੀ ਪੂਰੀ ਸੱਚ ਨਹੀਂ।ਅਜੋਕੇ ਸਮੇਂ ਵਿਚ ਵੀ ਉਨ੍ਹਾਂ ਕਹਾਣੀਆਂ ਨੂੰ ਹੀ ਮਾਨਤਾ ਮਿਲ਼ੀ ਹੈ ਜਿਹੜੀਆਂ ਕੱਥ ਨੂੰ ਆਪਣੇ ਅਨੁਕੂਲ਼ ਸੰਚਾਰਮੁਖੀ ਵਿਧੀਆਂ ਰਾਹੀਂ ਪਾਠਕਾਂ ਤਕ ਬੜੇ ਸੁਹਜਾਤਮਕ ਰੂਪ ਵਿਚ ਪਹੁੰਚਾਉਂਦੀਆਂ ਹਨ। ਇਨ੍ਹਾਂ ਕਹਾਣੀਆਂ ਦੀ ਕਲਾਤਮਿਕਤਾ ਉਪਰ ਚਰਚਾ ਹੋਈ ਵੀ ਹੈ ਤੇ ਹੋ ਵੀ ਰਹੀ ਹੈ।ਕਨੇਡਾ ਦੀ ਕਹਾਣੀ ਦੇ ਸੰਧਰਭ ਵਿਚ ਜਰਨੈਲ ਸਿੰਘ ਦੀ 'ਦੋ ਟਾਪੂ ਅਤੇ ਅਮਨ ਪਾਲ ਸਾਰਾ ਦੀ 'ਵੀਹਾਂ ਦੇ ਨੋਟ ਨੂੰ ਕੋਈ ਵੀ ਪੰਜਾਬੀ ਪਾਠਕ ਅੱਖੋਂ ਉਹਲੇ ਨਹੀਂ ਕਰ ਸਕਦਾ।'ਵੀਹਾਂ ਦੇ ਨੋਟ ਨੂੰ ਹਿੰਦੀ ਦੇ ਪਾਠਕਾਂ ਨੇ ਪਹਿਲੀ ਪੜ੍ਹਤ ਤੋਂ ਬਾਦ ਹੀ ਅਨੁਵਾਦ ਵਿਚ ਢਾਲਣਾ ਸ਼ੁਰੂ ਕਰ ਦਿੱਤਾ ਹੈ।

"ਕਥਾ ਕਨੇਡਾ" ਸੰਗ੍ਰਹਿ ਵਿਚ ਜਿਹੜੀ ਪਹਿਲੀ ਕਥਾ ਵਿਧੀ ਸਾਡਾ ਧਿਆਨ ਖਿੱਚਦੀ ਹੈ ,ਉਹ ਹੈ ਪਿੱਛਲ ਝਾਤ ਦੀ ਵਿਧੀ ਜਾਂ ਚੇਤਨਾ ਪ੍ਰਵਾਹ ਦੀ ਵਿਧੀ। ਪਾਤਰ ਵਰਤਮਾਨ ਵਿਚ ਵਿਚਰਦਾ ਹੋਇਆ ਪਿਛਲੀ ਬੀਤੀ ਜ਼ਿੰਦਗੀ ਵਲ ਪਰਤਦਾ ਹੈ ਤੇ ਬਾਰ ਬਾਰ ਵਰਤਮਾਨ ਨਾਲ਼ ਆਪਣਾ ਨਾਤਾ ਜੋੜਦਾ ਹੈ। ਇਉਂ ਟੋਟਿਆਂ ਵਿਚ ਯਾਦਾਂ ਰਾਹੀਂ ਪਿਛਲਾ ਬਿਰਤਾਂਤ ਪਾਠਕ ਸਾਹਮਣੇ ਆਂਉਂਦਾ ਹੈ ਤੇ ਵਰਤਮਾਨ ਪਾਤਰ ਦੀ ਹੱਡ-ਬੀਤੀ ਰਾਹੀਂ ਰੂਪਮਾਨ ਹੁੰਦਾ ਹੈ।ਇਸ ਤਕਨੀਕ ਨੂੰ ਪੂਰਣਤਾ ਵਿਚ ਕਹਾਣੀ 'ਦੋ ਟਾਪੂ ਪੈਸ਼ ਕਰਦੀ ਹੈ।ਕਹਾਣੀ ਸਵੀ ਤੇ ਨਿੱਕੋ ਦੇ ਤਿਆਰ ਹੋਣ ਤੋਂ ਆਰੰਭ ਹੁੰਦੀ ਹੈ।ਬੱਚੇ ਡੈਡੀ ਕੋਲ਼ ਜਾਣ ਨੂੰ ਤਿਆਰ ਹਨ ਪਰ ਕਿਉਂ? ਡੈਡੀ ਕਿੱਥੇ ਰਹਿੰਦਾ ਹੈ? ਉਹ ਵੱਖ ਕਿਉਂ ਹੈ? ਇਕ ਸਸਪੈਂਸ ਬਣਿਆ ਰਹਿੰਦਾ ਹੈ। ਪਰ ਬੱਚੇ "ਤੁਰਨ ਲੱਗਿਆਂ ਉਨ੍ਹਾਂ ਬੱਚਿਆਂ ਵਾਂਗ ਸੰਜੀਦਾ ਹੋ ਜਾਂਦੇ ਹਨ ਜਿਨ੍ਹਾਂ ਨੇ ਆਪ ਤਾਂ ਦੌੜ ਕੇ ਮੇਲੇ ਨੂੰ ਬੱਸ ਫੜ ਲਈ ਹੋਵੇ ਪਰ ਉਨ੍ਹਾਂ ਦੀ ਥੱਕੀ ਹੋਈ ਮਾਂ ਕਿਧਰੇ ਪਿਛਾਂਹ ਹੀ ਰਹਿ ਗਈ ਹੋਵੇ" 'ਗੁਆਚੇ ਹੋਏ ਮਲਾਹ ਵਰਗਾ ਚਿਹਰਾ ਪੜ੍ਹ ਕੇ ਹੀ ਪਾਸ਼ੀ ਤੇ ਬਲਰਾਜ ਦਾ ਤਣਾਉ ਸਾਹਮਣੇ ਆਉਂਦਾ ਹੈ, ਪਰ ਅਜੇ ਪੂਰੀ ਤਰ੍ਹਾਂ ਖੁਲ੍ਹ ਕੇ ਨਹੀਂ।'ਅੰਸਰਿੰਗ ਮਸ਼ੀਨ ਵਰਗੀ ਪਾਸ਼ੀ ਦੀ ਆਵਾਜ਼ ਵੀ ਦਾਲ਼ ਵਿਚ ਕੁਝ ਕਾਲ਼ਾ ਹੋਣ ਦਾ ਸੰਕੇਤ ਦਿੰਦੀ ਹੈ। ਟੀ. ਵੀ. ਤੋਂ 'ਘਰ ਵੀ ਟੋਲ਼ਿਆ ਵਰ ਵੀ ਟੋਲ਼ਿਆ ਸੁਹਾਗ ਸੁਣ ਕੇ ਪਾਸ਼ੀ ਪਿਛਾਂਹ ਆਪਣੇ ਵਿਆਹ ਨਾਲ਼ ਜੁੜੀਆਂ ਘਟਨਾਵਾਂ ਵਲ ਪਰਤਦੀ ਹੈ। ਉਸ ਦਾ ਕਨੇਡਾ ਪਹੁੰਚਣਾ, ਐਸ਼ ਆਰਾਮ ਦੀ ਜ਼ਿੰਦਗੀ ਪਰ ਨਾਲ਼ ਹੀ ਚੇਤਨਾ ਦਾ ਵਿਕਾਸ, ਸਾਡੇ ਸਾਹਮਣੇ ਆਉਂਦਾ ਹੈ। ਚੇਤਨਾ ਅਨੁਸਾਰ ਐਸ਼ੋ ਆਰਾਮ ਐਵੇਂ ਨਹੀਂ ਸੀ ਮਿਲ਼ਦਾ। "ਪਲਾਸਟਿਕ ਦੀ ਫੈਕਟਰੀ ਵਿਚ ਅੱਠ ਘੰਟੇ ਖੜੀ ਲੱਤੇ ਕੰਮ ਕਰਦਿਆਂ ਪਾਸ਼ੀ ਹੰਭ ਜਾਂਦੀ ।ਡਾਲਰਾਂ ਦੇ ਮੋਹ ਵਿਚ ਓਵਰ ਟਾਈਮ ਛੱਡ ਨਾ ਹੁੰਦਾ ਪਰ ਸਰੀਰ ਦੀ ਬਸ ਹੋ ਜਾਂਦੀ। ਰੋਟੀ ਟੁੱਕ ਦਾ ਕੰਮ ਤਾਂ ਗਿਣਤੀ ਵਿਚ ਹੀ ਨਹੀਂ ਸੀ। ਉਪਰੋਂ ਬਿਗਾਨੀ ਭਾਸ਼ਾ ਤੇ ਬਿਗਾਨਾ ਕਲਚਰ---ਕਲਚਰ ਵੀ ਕਾਹਦੀ? ਖਪਤ ਦੀ ਇਸ ਚੁੱਪ ਚੁਪੀਤੀ ਮੰਡੀ ਵਿਚ ਮਨੁੱਖ ਵੀ ਇਕ ਖਪਤ ਵਸਤੂ ਬਣ ਕੇ ਰਹਿ ਗਿਆ ਸੀ" ਘੜੀ ਦਾ ਟਾਈਮ ਦੇਖ ਕੇ ਪਾਸ਼ੀ ਵਰਤਮਾਨ ਵਲ ਪਰਤਦੀ ਹੈ,ਪਰ ਸਵੀ ਦੀ ਫੋਟੋ ਸਾਫ ਕਰਦਿਆਂ ਫਿਰ ਪਿਛਾਂਹ ਪਰਤ ਪੈਂਦੀ ਹੈ।ਮੈਟਰਨਿਟੀ ਲੀਵ ਸਮੇਂ ਕੰਪਿਊਟਰ ਸਿੱਖਣ ਆਦਿ ਦੀਆਂ ਸਿਮ੍ਰਤੀਆਂ ਇਸ ਥਾਂ ਸ਼ਾਮਿਲ ਕੀਤੀਆਂ ਗਈਆਂ ਹਨ।ਸਫਾਈ ਕਰਦੇ ਸਮੇਂ ਕਿਤਾਬਾਂ ਚਿਣਦਿਆਂ ਪਾਸ਼ੀ ਕਾਲਜ ਦੇ ਦਿਨਾਂ ਵਿਚ ਜਾ ਪਹੁੰਚਦੀ ਹੈ। ਇਸੇ ਪਿਛੋਕੜ ਵਿਚ ਬਲਰਾਜ ਨੂੰ ਬਾਕੀਆਂ ਨਾਲੋਂ ਅਗਾਂਹ ਨਿਕਲ਼ ਜਾਣ ਦਾ ਅਹਿਸਾਸ ਹੁੰਦਾ ਹੈ ਇਥੋਂ ਸ਼ੁਰੂ ਹੁੰਦੀ ਹੈ ਪਰਿਵਾਰ ਦੀ ਮਕਾਨਕੀ ਤੇ ਹਿਸਾਬੀ-ਕਿਤਾਬੀ ਜ਼ਿੰਦਗੀ।ਕਪੜੇ ਚੁਕਦਿਆਂ ਫਿਰ ਪਿੱਛੇ ਪਰਤਦੀ ਪਾਸ਼ੀ ਬਲਰਾਜ ਨਾਲ਼ ਹੁੰਦੀ ਤਕਰਾਰ ਨੂੰ ਚੇਤੇ ਕਰਦੀ ਹੈ। ਨਿੱਘੀ ਧੁੱਪ ਵੇਖਦਿਆਂ ਉਸਨੂੰ ਉਨ੍ਹਾਂ ਦਿਨਾਂ ਦੀ ਯਾਦ ਆਉਂਦੀ ਹੈ ਜਦੋਂ ਉਸਦੇ ਪੇਕੇ ਪਰਿਵਾਰ ਦੇ ਜੀਅ ਕਨੇਡਾ ਪਹੁੰਚੇ ਸਨ।ਉਹ ਬਲਰਾਜ ਦੀ ਸਿਫਤ ਕਰਦੇ ਨਹੀਂ ਥੱਕਦੇ ਪਰ ਸਪਾਂਸਰਸ਼ਿਪ ਤੋਂ ਹੋਏ ਝਗੜੇ ਕਾਰਣ ਬੇਇਜ਼ਤੀ ਮਹਿਸੂਸ ਕਰਦੇ ਉਹ ਵੱਖ ਹੋ ਜਾਂਦੇ ਹਨ।ਬਲਰਾਜ

ਦੀ ਮਾਰ ਕੁਟਾਈ ਉਸਨੂੰ ਪਾਸ਼ੀ ਤੇ ਬੱਚਿਆਂ ਤੋਂ ਵੱਖ ਕਰਦੀ ਹੈ। ਜਰਨੈਲ ਸਿੰਘ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਇਹ ਬਣ ਗਈ ਹੈ ਕਿ ਹਾਲਾਤ ਵਿਚ ਪੈ ਕੇ ਉਸਦੇ ਪਾਤਰ ਚੇਤਨਤਾ ਦੀਆਂ ਪੌੜੀਆਂ ਚੜ੍ਹਦੇ ਜਾਂਦੇ ਹਨ, ਇਸੇ ਲਈ ਪਾਠਕ ਪਾਤਰਾਂ ਰਾਹੀਂ ਸਭ ਕੁਝ ਗ੍ਰਹਿਣ ਕਰਦਾ ਹੈ ਤੇ ਕਿਤੇ ਵੀ ਲੇਖਕ ਸਾਡੇ ਸਾਹਮਣੇ ਖਲੋਤਾ ਨਜ਼ਰ ਨਹੀਂ ਆਉਂਦਾ। ਪਾਸ਼ੀ ਦੀ ਚੇਤਨਾ ਦਾ ਵਿਕਾਸ ਆਪਣੇ ਤਕ ਸੀਮਤ ਨਾ ਰਹਿ ਕੇ ਬਾਹਰੀ ਸਮਾਜ ਤਕ ਦਾ ਸਫਰ ਤੈਅ ਕਰਦਾ ਹੈ।"ਭਾਰਤੀ ਤੇ ਪਾਕਿਸਤਾਨੀ ਮੂਲ਼ ਦੇ ਇਹ ਲੋਕ ਜਿਵੇਂ ਬਿਨਾਂ ਕਿਸੇ ਉਤਸ਼ਾਹ ਦੇ ਬਸ ਆਪਣੀ ਜੂਨ ਹੰਢਾ ਰਹੇ ਹੋਣ। ਪਰ ਅਗਲੇ ਹੀ ਪਲ ਪਾਸ਼ੀ ਨੂੰ ਇਨ੍ਹਾਂ ਲੋਕਾਂ ਤੇ ਮਾਣ ਹੋ ਆਇਆ ਜਿਨ੍ਹਾਂ ਨੇ ਰਾਤ ਦਿਨ ਇਕ ਕਰ ਕੇ ਆਪਣਾ ਰਹਿਣ ਸਹਿਣ ਦਾ ਸੁਹਣਾ ਮਿਆਰ ਬਣਾ ਲਿਆ ਸੀ। ਔਰਤਾਂ ਦਾ ਯੋਗਦਾਨ ਤਾਂ ਹੋਰ ਵੀ ਵੱਧ ਸੀ ਜੋ ਜੌਬਾਂ ਅਤੇ ਘਰ ਬਾਰ ਸਾਂਭਣ ਦਾ ਦੂਹਰਾ ਕੰਮ ਕਰਦੀਆਂ ਸਨ--"

ਪਿਆਰ ਭਰੇ ਸੰਬੰਧਾਂ ਤੋਂ ਚਲ ਕੇ ਵੱਖ ਹੋਣ ਦੀ ਸਾਰੀ ਪ੍ਰਕਿਰਿਆ ਬੜੇ ਸਹਿਜ ਰੂਪ ਵਿਚ ਪਾਠਕ ਦੇ ਸਾਹਮਣੇ ਆਉਂਦੀ ਹੈ।ਕਹਾਣੀ ਵਿਚ ਬਲਰਾਜ ਪਹਿਲਾਂ ਫੋਨ ਰਾਹੀਂ ਘਰ ਨਾਲ਼ ਜੁੜਦਾ ਹੈ ਫਿਰ ਕਾਰ ਵਿਚ ਬੈਠਾ ਬੱਚਿਆਂ ਦਾ ਇੰਤਜ਼ਾਰ ਕਰਦਾ ਨਜ਼ਰ ਆਉਂਦਾ ਹੈ।ਦਹਿਲੀਜ਼ ਪਾਰ ਕਰਨ, ਸੋਫੇ ਤਕ ਪਹੁੰਚਣ ਤੇ ਘਰ ਦੇ ਜੀਅ ਵਾਂਗ ਕਮਰੇ ਨੂ ਇਸਤੇਮਾਲ ਕਰਨ ਤਕ ਦਾ ਸਫਰ ਬੜਾ ਸਹਿਜ ਹੈ।ਬਲਰਾਜ ਵਾਂਗ ਹੀ ਪਾਸ਼ੀ ਵੀ ਉਸ ਵਲ ਪਰਤਦੀ ਹੈ ਤੇ ਜਦੋਂ ਅੰਤ ਤੇ ਉਹ ਬਲਰਾਜ ਨੂੰ 'ਆਪਣਾ ਖਿਆਲ ਰੱਖਿਉ ਕਹਿੰਦੀ ਹੈ ਤਾਂ ਪਰਿਵਾਰ ਜੁੜ ਜਾਂਦਾ ਹੈ। ਲੇਖਕ ਇਨਾਂ ਸੰਕੇਤ ਦੇਣਾ ਹੀ ਕਾਫੀ ਸਮਝਦਾ ਹੈ।ਇਸੇ ਤਰ੍ਹਾਂ ਹੀ ਅਸੀਂ ਹੋਰਨਾਂ ਕਹਾਣੀਆਂ ਦੀਆਂ ਵਿਧੀਆਂ ਬਾਰੇ ਚਰਚਾ ਕਰ ਸਕਦੇ ਹਾਂ।

ਪਾਤਰਾਂ ਦੀ ਅਜਿਹੀ ਪਿਛਲ਼ ਝਾਤ ਜਾਂ ਚੇਤਨਾ ਪ੍ਰਵਾਹ ਦੀ ਵਿਧੀ ਪੰਜਾਬੀ ਪਾਤਰਾਂ ਦੇ ਪਿਛਾਂਹ ਆਪਣੀ ਭੋਂ ਨਾਲ਼ ਜੁੜੇ ਹੋਣ ਦੇ ਅਹਿਸਾਸ ਨਾਲ਼ ਮਿਲ਼ ਕੇ ਹੋਰ ਵੀ ਨਵੀਆਂ ਪਰਤਾਂ ਉਘਾੜਦੀ ਹੈ।ਇਹੀ ਵਿਧੀ ਅਮਨ ਪਾਲ ਸਾਰਾ ਤੇ ਸਾਧੂ ਸਿੰਘ ਦੀਆਂ ਕਹਾਣੀਆਂ ਵਿਚ ਵੀ ਵੇਖੀ ਜਾ ਸਕਦੀ ਹੈ।

ਇਥੇ ਸੰਖੇਪ ਵਿਚ ਡਾ: ਰਘਬੀਰ ਸਿੰਘ ਦੇ ਲਿਖੇ ਸ਼ਬਦਾਂ ਨੂੰ ਦੁਹਰਾਇਆ ਜਾ ਸਕਦਾ ਹੈ, "ਸਾਰੀਆਂ ਕਹਾਣੀਆਂ ਵਿਚ ਯਥਾਰਥਵਾਦੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ ਅਤੇ ਲਗਭਗ ਸਭਨਾਂ ਹੀ ਰਚਨਾਕਾਰਾਂ ਨੇ ਇਸ ਸ਼ੈਲੀ ਦੇ ਅੰਤਰਗਤ ਜਹਾਣੀ ਨੂੰ ਪ੍ਰਭਾਵਕਾਰੀ ਬਣਾਉਣ ਦੇ ਵੱਖ ਵੱਖ ਸਾਧਨਾਂ, ਭਾਸ਼ਾਈ- ਕੁਸ਼ਲਤਾ, ਵਾਤਾਵਰਣ ਦੀ ਸਿਰਜਣਾ, ਸੰਵਾਦ, ਨਾਟਕੀਅਤਾ ਆਦਿ ਦੀ ਕੁਸ਼ਲ ਵਰਤੋਂ ਕਰ ਸਕਣ ਦੀ ਮੁਹਾਰਤ ਦਾ ਚੋਖਾ ਪ੍ਰਮਾਣ ਦਿੱਤਾ ਹੈ" ਵਿਸਤਾਰ ਤੋਂ ਬਚਣ ਲਈ ਅਸੀਂ ਇਨ੍ਹਾਂ ਸਾਧਨਾਂ ਦੀ ਵਿਆਖਿਆ ਨਹੀਂ ਕਰ ਰਹੇ।

ਕਹਾਣਕਿਾਰਾਂ ਨੇ ਪ੍ਰਥਮ -ਪੁਰਖੀ ਜਾਂ ਸਵੈ-ਜੀਵਨੀਆਤਮਕ ਸ਼ੈਲੀ ਦੀ ਵਰਤੋਂ ਕੀਤੀ ਹੈ। ਜਿਵੇਂ ਅਮਨ ਪਾਲ ਸਾਰਾ(ਸਰਦ ਰਿਸ਼ਤੇ) ਅਤੇ ਸੁਰਜੀਤ ਕਲਸੀ (ਮੇਲੋ ਦੀ ਕਹਾਣੀ) ਕਰਦੇ ਹਨ। ਰਵਿੰਦਰ ਰਵੀ ਨੇ ਚੇਤਨਾ ਪ੍ਰਵਾਹ ਦੀ ਵਿਧੀ ਨਾਲ਼ ਦਾਰਸ਼ਨਿਕ ਤੱਤ ਮਿਲ਼ਾ ਕੇ ਭਾਵਵਾਚਕਤਾ ਤਕ ਦਾ ਸਫਰ ਤੈਅ ਕੀਤਾ ਹੈ ਜੋ ਪਾਠਕਾਂ ਨਾਲ਼ ਸੰਚਾਰ ਦੇ ਰਾਹ ਵਿਚ ਬਾਧਕ ਵੀ ਬਣਦਾ ਹੈ।ਬੇਗਾਨੀਆ ਕੰਧਾਂ(ਮੇਜਰ ਮਾਂਗਟ) ਅਤੇ ਵਿਚਕਾਰਲੀ ਸੜਕ(ਹਰਪ੍ਰੀਤ ਸੇਖਾ) ਵਰਗੇ ਪ੍ਰਤੀਕ ਬੜਾ ਵਿਸਤਾਰ ਵੀ ਗ੍ਰਹਿਣ ਕਰਦੇ ਹਨ।ਸਾਡੀ ਇਹ ਸੰਖੇਪ ਚਰਚਾ ਇਸ ਗੱਲ ਦਾ ਅਹਿਸਾਸ ਜ਼ਰੂਰ ਕਰਵਾ ਦਿੰਦੀ ਹੈ ਕਿ ਕਨੇਡਾ ਦੇ ਕਹਾਣੀਕਾਰਾਂ ਨੂੰ ਕਿਸੇ ਤਰ੍ਹਾਂ ਵੀ ਅਣਗੌਲ਼ਿਆਂ ਨਹੀਂ ਕੀਤਾ ਜਾ ਸਕਦਾ।'ਕਥਾ ਕਨੇਡਾ ਸੰਗ੍ਰਹਿ ਕੇਵਲ ਕਨੇਡਾ ਦੇ ਕਹਾਣੀਕਾਰਾਂ ਵਲੋਂ ਸਵੈ ਵਿਸ਼ਵਾਸ ਦਾ ਹੀ ਪ੍ਰਗਟਾਵਾ ਨਹੀਂ ਕਰਦਾ ਬਲਕਿ ਉੱਚ ਪੱਧਰੀ ਕਹਾਣੀਆਂ ਵੀ ਪੜ੍ਹਨ ਲਈ ਉਪਲੱਬਧ ਕਰਵਾਉਂਦਾ ਹੈ ਅਤੇ ਬਹੁਤ ਕੁਝ ਸੋਚਣ ਲਈ ਵੀ ਮਜਬੂਰ ਕਰਦਾ ਹੈ। 'ਦੋ ਟਾਪੂ ਅਤੇ

'ਵੀਹਾਂ ਦੇ ਨੋਟ ਨੇ ਪਹਿਲਾਂ ਹੀ ਕਹਾਣੀ ਸਾਹਿਤ ਵਿਚ ਆਪਣੀ ਜਗ੍ਹਾ ਬਣਾ ਲਈ ਹੈ। ਉਮੀਦ ਹੈ ਕਿ ਇਸ ਸੰਗ੍ਰਹਿ ਨਾਲ਼ ਪੰਜਾਬੀ ਖਾਸ ਕਰ ਪਰਵਾਸੀ ਕਹਾਣੀ ਨੂੰ ਪਰਖਣ ਲਈ ਇਕ ਨਵੀਂ ਦਿਸ਼ਾ ਮਿਲ਼ੇਗੀ

ਕਰਮਜੀਤ ਸਿੰਘ
ਪੰਜਾਬੀ ਵਿਭਾਗ,
ਕੁਰੁਕਸ਼ੇਤਰਾ ਯੂਨੀਵਰਸਿਟੀ,
ਕੁਰੁਕਸ਼ੇਤਰਾ. (ਹਰਿਆਣਾ)
ਇੰਡੀਆ।